ਕੈਲੀਫੋਰਨੀਆ ਪ੍ਰਾਂਤ

ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀ ਐਡਮਿਨਿਸਟ੍ਰੇਸ਼ਨ

# ਖਾਤਾ ਬੰਦ ਕਰਨ ਦਾ ਨੋਟਿਸ

ਹਿਦਾਇਤਾਂ: ਤੁਹਾਡੇ ਖਾਤੇ(ਖਾਤਿਆਂ) ਨੂੰ ਬੰਦ ਕਰਨ, ਜ਼ਮਾਨਤੀ ਰਕਮ ਰਿਲੀਜ਼ ਕਰਨ, ਜਾਂ ਐਸਕ੍ਰੋਅ ਕਲੀਅਰੈਂਸ (escrow clearance) ਜਾਰੀ ਕਰਨ ਵਿੱਚ ਸਾਡੀ ਸਹਾਇਤਾ ਕਰਨ ਲਈ ਕਿਰਪਾ ਕਰਕੇ ਨਿਮਨਲਿਖਤ ਜਾਣਕਾਰੀ ਪ੍ਰਦਾਨ ਕਰੋ। ਜੇ ਤੁਹਾਡੇ ਕੋਲ ਕੋਈ ਵਿਕਰੇਤਾ ਪਰਮਿਟ ਹੈ, ਤਾਂ ਇਸ ਫ਼ਾਰਮ ਨੂੰ ਭਰਨ ਤੋਂ ਪਹਿਲਾਂ, ਤੁਹਾਨੂੰ ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀ ਐਡਮਿਨਿਸਟ੍ਰੇਸ਼ਨ (CDTFA) ਦੀ ਪ੍ਰਕਾਸ਼ਨਾ 74, *ਤੁਹਾਡੇ ਖਾਤੇ ਨੂੰ ਬੰਦ ਕਰਨਾ* ਦੀ ਇੱਕ ਕਾਪੀ ਦੇਖਣੀ ਚਾਹੀਦੀ ਹੈ। ਪ੍ਰਕਾਸ਼ਨਾ 74 ਵਿੱਚ ਤੁਹਾਡੇ ਪਰਮਿਟ ਨੂੰ ਬੰਦ ਕਰਨ ਬਾਰੇ ਮਹੱਤਵਪੂਰਨ ਜਾਣਕਾਰੀ ਹੈ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (CRS:711) 'ਤੇ ਕਾਲ ਕਰੋ।

CDTFA Use Only

CDTFA Use Only

CDTFA Use Only

## ਸੈਕਸ਼ਨ I: ਖਾਤੇ ਦੀ ਜਾਣਕਾਰੀ

| | | |
|---|---|---|
| ਨਾਮ | | ਖਾਤਾ ਨੰਬਰ |
| ਵਰਤਮਾਨ ਪਤਾ *(ਗਲੀ ਦਾ ਪਤਾ)* | | ਦਿਨ ਦੇ ਸਮੇਂ ਵਾਸਤੇ ਟੈਲੀਫੋਨ ਨੰਬਰ<br>(     ) |
| ਸ਼ਹਿਰ | ਪ੍ਰਾਂਤ | ਜ਼ਿੱਪ ਕੋਡ |

## ਖਾਤਾ ਬੰਦ ਕਰਨ ਬਾਰੇ ਜਾਣਕਾਰੀ *(ਹਿਦਾਇਤਾਂ ਵਾਸਤੇ ਪਿਛਲਾ ਪਾਸਾ ਦੇਖੋ)*

1. ਕਾਰੋਬਾਰ ਬੰਦ ਕਰਨ ਦੀ ਤਾਰੀਖ਼ ______
2. ਕੀ ਤੁਸੀਂ ਆਪਣੇ ਵਿਕਰੇਤਾ ਪਰਮਿਟ ਦੀ ਵਰਤੋਂ ਕਰਦੇ ਹੋਏ ਆਪਣੀ ਖੁਦ ਦੀ ਵਰਤੋਂ ਵਾਸਤੇ ਕੋਈ ਖ਼ਰੀਦਾਂ ਕੀਤੀਆਂ ਸੀ? ਹਾਂ ☐ ਨਹੀਂ ☐
   ਜੇ ਹਾਂ, ਤਾਂ ਕੀ ਤੁਸੀਂ ਇਹਨਾਂ ਖ਼ਰੀਦਾਂ ਉੱਤੇ ਕੋਈ ਟੈਕਸ ਅਦਾ ਕੀਤਾ ਸੀ: ☐ a. ਆਪਣੇ ਵਿਕਰੇਤਾ ਨੂੰ ☐ b. CDTFA ਨੂੰ
3. ਜੇ ਲਾਗੂ ਹੁੰਦਾ ਹੈ, ਤਾਂ ਬਾਕੀ ਬਚਿਆ ਮਾਲ, ਮੁੜ-ਵਿਕਰੀ ਵਾਸਤੇ ਕੀਤੀਆਂ ਖ਼ਰੀਦਾਂ, ਜਾਂ ਬਿਨਾਂ ਟੈਕਸ ਅਦਾ ਕੀਤਿਆਂ ਪ੍ਰਾਂਤ-ਤੋਂ-ਬਾਹਰਲੇ ਵਿਕਰੇਤਾਵਾਂ ਕੋਲੋਂ ਕੀਤੀਆਂ ਖ਼ਰੀਦਾਂ ਦਾ ਕੀ ਕੀਤਾ ਗਿਆ ਸੀ:
   ☐ a. ਵੇਚਿਆ ਗਿਆ ਸੀ ਅਤੇ ਫਾਈਨਲ ਰਿਟਰਨ ਉੱਤੇ ਰਿਪੋਰਟ ਕੀਤੀ ਗਈ ਸੀ ☐ b. ਇਹਨਾਂ ਨੂੰ ਰੱਖ ਲਿਆ ਗਿਆ ਸੀ ☐ c. ਕਿਸੇ ਲੇਖਾ-ਪੜਤਾਲ (audit) ਵਿੱਚ ਸ਼ਾਮਲ ਕੀਤਾ ਗਿਆ ਸੀ
   ☐ d. ਅੱਗੇ ਲਿਖੇ ਨੂੰ ਦਾਨ ਕੀਤਾ ਗਿਆ ਸੀ: ______
   ☐ e. ਮੁੜ ਵਿਕਰੀ ਵਾਸਤੇ ਵੇਚ ਦਿੱਤਾ ਗਿਆ ਸੀ (ਖ਼ਰੀਦਦਾਰ ਦਾ ਖਾਤਾ ਨੰਬਰ: ______ ) ☐ f. ਹੋਰ ______
4. ਕੀ ਤੁਹਾਡੇ ਕੋਲ ਕੋਈ ਪ੍ਰੀ-ਪੇਡ ਮੋਬਾਈਲ ਟੈਲੀਫ਼ੋਨੀ ਸਰਵਿਸਜ਼ (MTS) ਖਾਤਾ ਹੈ? ਹਾਂ ☐ ਨਹੀਂ ☐
   a. ਉਹ ਤਾਰੀਖ਼ ਜਦ ਤੁਸੀਂ ਪ੍ਰੀ-ਪੇਡ ਫ਼ੋਨ ਕਾਰਡਾਂ ਅਤੇ/ਜਾਂ ਸੇਵਾਵਾਂ ਨੂੰ ਵੇਚਣਾ ਬੰਦ ਕਰ ਦਿੱਤਾ ਸੀ ______
   b. ਜੇ ਤੁਸੀਂ ਇੱਕ ਛੋਟੇ ਵਿਕਰੇਤਾ ਵਜੋਂ ਯੋਗਤਾ ਪੂਰੀ ਕਰਦੇ ਹੋ, ਤਾਂ ਉਹ ਤਾਰੀਖ਼ ਜਦ ਤੁਸੀਂ ਆਪਣਾ ਖਾਤਾ ਬੰਦ ਕੀਤਾ ਜਾਣਾ ਚਾਹੁੰਦੇ ਹੋ ______
5. ਚਿੱਠੀ ਭੇਜਣ ਲਈ ਤੁਹਾਡਾ ਨਵਾਂ ਪਤਾ ਅਤੇ ਟੈਲੀਫ਼ੋਨ ਨੰਬਰ ______
6. ਤੁਹਾਡੇ ਵਹੀ-ਖਾਤਿਆਂ ਅਤੇ ਰਿਕਾਰਡਾਂ ਦਾ ਟਿਕਾਣਾ ______
7. ਕੀ ਕਾਰੋਬਾਰ ਨੂੰ ਵੇਚ ਦਿੱਤਾ ਗਿਆ ਸੀ? ਹਾਂ ☐ ਨਹੀਂ ☐
   a. ਕਾਰੋਬਾਰ ਨੂੰ ਵੇਚੇ ਜਾਣ ਦੀ ਤਾਰੀਖ਼ ______
   b. ਵਿਕਰੀਆਂ ਦਾ ਕੁੱਲ ਮੁੱਲ $ ______
   c. ਖ਼ਰੀਦਦਾਰ ਦਾ ਨਾਮ, ਪਤਾ, ਅਤੇ ਟੈਲੀਫ਼ੋਨ **ਨੰਬਰ** ______
   d. ਕੀ ਤੁਸੀਂ ਜੜੀਆਂ ਹੋਈਆਂ ਚੀਜ਼ਾਂ ਅਤੇ ਸਾਜ਼ੋ-ਸਮਾਨ (Fixtures and equipment - F&E) ਵੀ ਵੇਚਿਆ ਸੀ? ਹਾਂ ☐ ਨਹੀਂ ☐ ਜੇ ਨਹੀਂ, ਤਾਂ ਲਾਈਨ h 'ਤੇ ਜਾਓ।
   e. F&E ਦਾ ਵੇਚ ਮੁੱਲ $ ______
   f. ਕੀ F&E ਦੀ ਵਿਕਰੀ ਉਸੇ ਕਾਰੋਬਾਰ ਵਾਲੀ ਥਾਂ 'ਤੇ ਵਾਪਰੀ ਸੀ ਜਿਸਨੂੰ ਵੇਚਿਆ ਗਿਆ ਸੀ? ਹਾਂ ☐ ਨਹੀਂ ☐
   g. ਜੇ ਨਹੀਂ, ਤਾਂ ਕਾਰੋਬਾਰ ਦੀ ਉਸ ਥਾਂ ਦਾ ਪਤਾ ਦੱਸੋ ਜਿੱਥੇ ਵਿਕਰੀ ਵਾਪਰੀ ਸੀ ______

   *ਨੋਟ:* ਜੇ ਤੁਸੀਂ ਆਪਣੀਆਂ ਜੜੀਆਂ ਵਸਤੂਆਂ ਅਤੇ ਸਾਜ਼ੋ-ਸਮਾਨ ਨੂੰ ਵੇਚਿਆ ਸੀ, ਤਾਂ ਜੇਕਰ ਤੁਸੀਂ ਆਪਣੇ ਕਾਰੋਬਾਰ ਨੂੰ ਨਹੀਂ ਵੀ ਵੇਚਿਆ, ਤਾਂ ਵੀ ਤੁਹਾਡੇ ਵਾਸਤੇ ਆਪਣੀ ਫਾਈਨਲ ਰਿਟਰਨ ਦੇ ਉੱਤੇ "ਉਪਯੋਗ ਟੈਕਸ ਤਹਿਤ ਖ਼ਰੀਦਾਂ" ਤਹਿਤ ਇਹਨਾਂ ਚੀਜ਼ਾਂ ਦੇ ਵੇਚ ਮੁੱਲ ਨੂੰ ਸ਼ਾਮਲ ਕਰਨਾ ਲਾਜ਼ਮੀ ਹੈ।

   h. ਐਸਕ੍ਰੋਅ (escrow) ਨੰਬਰ ______
   i. ਐਸਕ੍ਰੋਅ ਕੰਪਨੀ ਦਾ ਨਾਮ, ਪਤਾ ਅਤੇ ਟੈਲੀਫੋਨ ਨੰਬਰ ______

## ਸੈਕਸ਼ਨ III: ਦਸਤਖ਼ਤ

| | | |
|---|---|---|
| ਦਸਤਖ਼ਤ | ਨਾਮ ਅਤੇ ਸਿਰਲੇਖ ਸਾਫ਼-ਸਾਫ਼ ਲਿਖੋ | ਤਾਰੀਖ਼ |

ਕਲੀਅਰ ਪ੍ਰਿੰਟ ਕਰੋ

## ਸ਼ੈਕਸ਼ਨ IV: ਖਾਤਾ ਬੰਦ ਕਰਨ ਵਾਸਤੇ ਲੋੜੀਂਦੀਆਂ ਚੀਜ਼ਾਂ ਦੀ ਸੂਚੀ

ਤੁਹਾਡੇ ਖਾਤੇ(ਖਾਤਿਆਂ) ਨੂੰ ਬੰਦ ਕਰਨ ਦੀ ਕਾਰਵਾਈ ਨੇਪਰੇ ਚਾੜ੍ਹਨ, ਜਮ੍ਹਾਂ ਕਰਵਾਈ ਜ਼ਮਾਨਤੀ ਰਕਮ ਨੂੰ ਰਿਲੀਜ਼ ਕਰਨ, ਜਾਂ ਕੋਈ ਐਸਕ੍ਰੋਅ ਕਲੀਅਰੈਂਸ ਜਾਰੀ ਕਰਨ ਲਈ ਨਿਮਨਲਿਖਤ ਚੀਜ਼ਾਂ ਦੀ ਲੋੜ ਪੈ ਸਕਦੀ ਹੈ।

- ਤੁਹਾਡੇ ਵੱਲ ਬਕਾਇਆ ਖੜ੍ਹੀਆਂ ਕਿਸੇ ਵੀ ਹੋਰ ਰਕਮਾਂ ਦਾ ਭੁਗਤਾਨ।
- ਭੁਗਤਾਨ ਦੇ ਨਾਲ ਤੁਹਾਡੀ ਫਾਈਨਲ ਟੈਕਸ ਰਿਟਰਨ (ਜੇ ਕੋਈ ਰਿਟਰਨ ਉਪਲਬਧ ਨਹੀਂ ਹੈ ਤਾਂ 1-800-400-7115 [CRS:711] 'ਤੇ ਕਾਲ ਕਰੋ)। ਕਿਸੇ ਵੀ ਬਕਾਇਆ ਰਕਮਾਂ ਦੇ ਭੁਗਤਾਨ ਲਾਜ਼ਮੀ ਤੌਰ 'ਤੇ ਤਸਦੀਕਸ਼ੁਦਾ ਫ਼ੰਡਾਂ ਵਿੱਚ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਤੁਹਾਡੇ ਲੈਣ-ਦੇਣ ਨੂੰ ਨੇਪਰੇ ਚਾੜ੍ਹਨ ਦੀ ਕਾਰਵਾਈ ਤੇਜ਼ ਕੀਤੀ ਜਾ ਸਕੇ। ਜੇ ਤੁਹਾਡੇ ਕੋਲੋਂ ਲੋੜਿਆ ਜਾਂਦਾ ਹੈ ਕਿ ਤੁਸੀਂ ਭੁਗਤਾਨ ਇਲੈਕਟ੍ਰਾਨਿਕ ਫ਼ੰਡਜ਼ ਟ੍ਰਾਂਸਫਰ (EFT) ਰਾਹੀਂ ਕਰੋ, ਤਾਂ ਤੁਹਾਨੂੰ ਆਪਣਾ ਫਾਈਨਲ ਭੁਗਤਾਨ ਵੀ ਲਾਜ਼ਮੀ ਤੌਰ 'ਤੇ EFT ਪ੍ਰਕਿਰਿਆ ਰਾਹੀਂ ਕਰਨਾ ਚਾਹੀਦਾ ਹੈ।
- ਤੁਹਾਡੀਆਂ ਐਸਕ੍ਰੋਅ ਹਿਦਾਇਤਾਂ ਦੀ ਇੱਕ ਕਾਪੀ ਜਾਂ ਵਿਕਰੀ ਦਾ ਬਿੱਲ ਜੋ ਵੇਚੇ ਗਏ ਮਾਲ (inventory), ਜੜ੍ਹੀਆਂ ਚੀਜ਼ਾਂ (fixtures), ਸਾਜ਼ੋ-ਸਮਾਨ ਨੂੰ ਦਿਖਾਉਂਦਾ ਹੋਵੇ।

**ਇਸ ਭਰੇ ਹੋਏ ਫ਼ਾਰਮ ਅਤੇ ਇਸਦਾ ਸਮਰਥਨ ਕਰਦੇ ਆਪਣੇ ਦਸਤਾਵੇਜ਼ਾਂ ਨੂੰ ਇਸ ਪਤੇ 'ਤੇ ਭੇਜੋ:**

**California Department of Tax and Fee Administration**
**Customer Service Center**
**PO Box 942879**
**Sacramento, CA 94279-0090**

## ਸੈਕਸ਼ਨ V: ਹਿਦਾਇਤਾਂ

**ਜੇ ਹੇਠਾਂ ਸੂਚੀਬੱਧ ਚੀਜ਼ਾਂ ਤੁਹਾਡੇ ਖਾਤੇ ਨੂੰ ਬੰਦ ਕਰਨ ਨਾਲ ਸੰਬੰਧ ਨਹੀਂ ਰੱਖਦੀਆਂ ਅਤੇ ਤੁਸੀਂ ਸੈਕਸ਼ਨ I ਅਤੇ II ਨੂੰ ਭਰ ਲਿਆ ਹੈ, ਅਤੇ ਸੈਕਸ਼ਨ III ਵਿੱਚ ਦਸਤਖਤ ਕਰ ਦਿੱਤੇ ਹਨ, ਤਾਂ ਇਸ ਦਸਤਾਵੇਜ਼ ਨੂੰ ਉਚਿਤ CDTFA ਦਫਤਰ ਨੂੰ ਭੇਜ ਦਿਓ। CDTFA ਦਫਤਰ ਦੇ ਟਿਕਾਣਿਆਂ ਦੀ ਇੱਕ ਸੂਚੀ ਵਾਸਤੇ ਪ੍ਰਕਾਸ਼ਨਾ 74 ਦੇਖੋ।**

**ਛੋਟੇ ਵਿਕਰੇਤਾ**–ਇੱਕ "ਛੋਟਾ ਵਿਕਰੇਤਾ" ਇੱਕ ਪ੍ਰੀ-ਪੇਡ MTS ਵਿਕਰੇਤਾ ਹੁੰਦਾ ਹੈ (ਕਿਸੇ ਦੂਰ-ਸੰਚਾਰ ਸੇਵਾ ਸਪਲਾਇਰ ਤੋਂ ਇਲਾਵਾ) ਜਿਸਨੇ ਪਿਛਲੇ ਕੈਲੰਡਰ ਸਾਲ ਵਿੱਚ ਪ੍ਰੀ-ਪੇਡ MTS ਦੀਆਂ ਵਿਕਰੀਆਂ ਦੀ ਸਾਲਾਨਾ ਸੀਮਾ ਨਾਲੋਂ ਘੱਟ ਵਿਕਰੀ ਕੀਤੀ ਹੁੰਦੀ ਹੈ। 1 ਜਨਵਰੀ, 2017 ਤੋਂ ਸ਼ੁਰੂ ਕਰਕੇ, ਛੋਟੇ ਵਿਕਰੇਤਾਵਾਂ ਕੋਲੋਂ ਹੁਣ ਨਹੀਂ ਲੋੜਿਆ ਜਾਂਦਾ ਕਿ ਉਹ ਆਪਣੇ ਗਾਹਕਾਂ ਕੋਲੋਂ ਪ੍ਰੀ-ਪੇਡ MTS ਸਰਚਾਰਜ ਨੂੰ ਚਾਰਜ ਕਰਨ ਅਤੇ ਉਗਰਾਹੀ ਕਰਨ। ਉਹਨਾਂ ਵਿਕਰੇਤਾਵਾਂ ਵਾਸਤੇ ਜਿਨ੍ਹਾਂ ਦੇ ਇੱਕ ਤੋਂ ਵਧੇਰੇ ਟਿਕਾਣੇ ਹਨ, ਸਾਰੇ ਟਿਕਾਣਿਆਂ ਤੋਂ ਪ੍ਰੀ-ਪੇਡ ਵਾਇਰਲੈੱਸ ਸੇਵਾਵਾਂ ਅਤੇ ਉਤਪਾਦਾਂ ਦੀਆਂ ਵਿਕਰੀਆਂ ਨੂੰ ਸਾਲਾਨਾ ਵਿਕਰੀਆਂ ਦਾ ਪਤਾ ਲਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਛੋਟੇ ਵਿਕਰੇਤਾ ਇਹ ਦਿਖਾਉਣ ਲਈ ਰਿਕਾਰਡ ਰੱਖਣ ਵਾਸਤੇ ਜ਼ਿੰਮੇਵਾਰ ਹਨ ਕਿ ਉਹਨਾਂ ਦੀਆਂ ਸਾਲਾਨਾ ਵਿਕਰੀਆਂ ਸਾਲਾਨਾ ਸੀਮਾ ਤੋਂ ਥੱਲੇ ਹਨ।

**ਤੁਹਾਡੇ ਵਹੀ-ਖਾਤਿਆਂ ਅਤੇ ਰਿਕਾਰਡਾਂ ਦਾ ਟਿਕਾਣਾ**–ਤੁਹਾਡੇ ਵਹੀ-ਖਾਤਿਆਂ ਅਤੇ ਰਿਕਾਰਡਾਂ ਦਾ ਟਿਕਾਣਾ ਸਾਰੇ ਲੇਖਾ-ਪੜਤਾਲ ਮਕਸਦਾਂ ਵਾਸਤੇ ਮਹੱਤਵਪੂਰਨ ਹੈ। ਲੇਖਾ-ਪੜਤਾਲਾਂ ਮਹੱਤਵਪੂਰਨ ਹਨ ਕਿਉਂਕਿ ਇਹ ਪ੍ਰਾਂਤ ਦੀ ਘੱਟ-ਭੁਗਤਾਨ ਤੋਂ ਰੱਖਿਆ ਕਰਦੀਆਂ ਹਨ ਅਤੇ ਟੈਕਸਦਾਤਾ ਨੂੰ ਵੱਧ-ਭੁਗਤਾਨ ਕਰਨ ਤੋਂ ਬਚਾਉਂਦੀਆਂ ਹਨ।

**ਤੁਹਾਡੀਆਂ ਐਸਕ੍ਰੋਅ ਹਿਦਾਇਤਾਂ ਦੀ ਇੱਕ ਕਾਪੀ ਜਾਂ ਵਿਕਰੀ ਦਾ ਬਿੱਲ**–ਇਹ ਦਸਤਾਵੇਜ਼ ਵੇਚੇ ਗਏ ਮਾਲ (inventory), ਜੜ੍ਹੀਆਂ ਚੀਜ਼ਾਂ (fixtures), ਅਤੇ ਸਾਜ਼ੋ-ਸਮਾਨ ਦਾ ਮੁੱਲ ਦਿਖਾਉਂਦੇ ਹਨ। ਜੇ ਜੜ੍ਹੀਆਂ ਚੀਜ਼ਾਂ ਅਤੇ ਸਾਜ਼ੋ-ਸਮਾਨ ਦੀ ਕਿਸੇ ਵਿਕਰੀ ਨੂੰ ਖਾਤਾ ਬੰਦ ਕਰਨ ਦੀ ਤਾਰੀਖ਼ ਮੌਕੇ ਨਹੀਂ ਵਿਚਾਰਿਆ ਜਾਂਦਾ, ਤਾਂ ਜੜ੍ਹੀਆਂ ਚੀਜ਼ਾਂ ਦੀ ਬਾਅਦ ਵਿੱਚ ਕੀਤੀ ਇੱਕ-ਮੁਸ਼ਤ ਵਿਕਰੀ ਨੂੰ ਕਦੇ-ਕਦਾਈਂ ਕੀਤੀ ਵਿਕਰੀ ਵਜੋਂ ਲਿਆ ਜਾ ਸਕਦਾ ਹੈ। ਖਾਤਾ ਬੰਦ ਕਰਨ ਦੀ ਤਾਰੀਖ਼ ਦੇ ਬਾਅਦ ਜੜ੍ਹੀਆਂ ਚੀਜ਼ਾਂ ਅਤੇ ਸਾਜ਼ੋ-ਸਮਾਨ ਦੀ ਇੱਕ-ਮੁਸ਼ਤ ਵਿਕਰੀ ਟੈਕਸਯੋਗ ਹੈ ਜੇ ਇਹਨਾਂ ਵਿੱਚੋਂ ਕੋਈ ਵੀ ਸ਼ਰਤ ਪੂਰੀ ਹੁੰਦੀ ਹੋਵੇ:

1. ਵਿਕਰੀ ਖਾਤਾ ਬੰਦ ਕਰਨ ਦੀ ਤਾਰੀਖ਼ ਦੇ 60 ਦਿਨਾਂ ਦੇ ਅੰਦਰ ਵਾਪਰਦੀ ਹੈ ਅਤੇ ਟੈਕਸਦਾਤਾ ਇਹ ਸਥਾਪਤ ਨਹੀਂ ਕਰ ਸਕਦਾ ਕਿ ਵਿਕਰੀ ਬਾਰੇ ਖਾਤਾ ਬੰਦ ਕਰਨ ਵਕਤ ਨਹੀਂ ਸੋਚਿਆ ਗਿਆ ਸੀ; ਜਾਂ
2. ਵਿਕਰੀ ਖਾਤਾ ਬੰਦ ਕਰਨ ਦੀ ਤਾਰੀਖ਼ ਤੋਂ 60 ਦਿਨ ਬਾਅਦ ਅਤੇ ਇੱਕ ਸਾਲ ਦੇ ਅੰਦਰ-ਅੰਦਰ ਵਾਪਰਦੀ ਹੈ, ਅਤੇ:
    a. ਖਾਤਾ ਬੰਦ ਕਰਨ ਦੀ ਤਾਰੀਖ਼ ਮੌਕੇ ਵਿਕਰੀ ਦਾ ਇੱਕ ਇਕਰਾਰਨਾਮਾ ਮੌਜੂਦ ਸੀ, ਜਾਂ
    b. ਇੱਕ ਅਜਿਹਾ ਪਟਾ (lease) ਮੌਜੂਦ ਹੈ ਜਿਸ ਵਿੱਚ ਖਰੀਦਣ ਦਾ ਵਿਕਲਪ ਵੀ ਹੈ, ਜਾਂ
    c. ਸਮਾਂ ਪਾਕੇ ਜੜ੍ਹੀਆਂ ਚੀਜ਼ਾਂ ਅਤੇ ਸਾਜ਼ੋ-ਸਮਾਨ ਨੂੰ ਵੇਚਣ ਲਈ ਇੱਕ ਯੋਜਨਾ ਦਾ ਇੰਤਜ਼ਾਮ ਕੀਤਾ ਗਿਆ ਹੈ।

**ਜੇ ਇਹ ਚੀਜ਼ਾਂ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ, ਤਾਂ ਜਮ੍ਹਾਂ ਕਰਵਾਈਆਂ ਗਈਆਂ ਕਿਸੇ ਵੀ ਜ਼ਮਾਨਤੀ ਰਕਮਾਂ ਅਤੇ/ਜਾਂ ਤੁਹਾਡੇ ਖਾਤੇ ਨੂੰ ਬੰਦ ਕਰਨ ਤੋਂ ਪਹਿਲਾਂ CDTFA ਵਾਸਤੇ 30 ਦਿਨ ਤੱਕ ਉਡੀਕ ਕਰਨਾ ਲਾਜ਼ਮੀ ਹੈ। ਜੇ ਉੱਪਰ ਸੂਚੀਬੱਧ ਕਿਸੇ ਵੀ ਚੀਜ਼ਾਂ ਨੂੰ ਪ੍ਰਦਾਨ ਕਰਾਉਣ ਵਿੱਚ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਵਿਸਤਰਿਤ ਹਿਦਾਇਤਾਂ ਵਾਸਤੇ ਆਪਣੇ ਨੇੜਲੇ CDTFA ਦਫਤਰ ਨਾਲ ਸੰਪਰਕ ਕਰੋ।**

**ਸਿਰਫ਼ CDTFA ਵੱਲੋਂ ਵਰਤੋਂ ਵਾਸਤੇ**

| | | | | | |
|---|---|---|---|---|---|
| ਕੀ ਪੰਜੀਕਰਨ ਬਾਰੇ ਜਾਣਕਾਰੀ ਤਾਜ਼ਾ ਹੈ? | ਹਾਂ ☐ | ਨਹੀਂ ☐ | F&E? | ਹਾਂ ☐ | ਨਹੀਂ ☐ |
| ਕੀ ਫਾਈਨਲ ਰਿਟਰਨ ਦਾਇਰ ਕਰ ਦਿੱਤੀ ਗਈ ਹੈ? | ਹਾਂ ☐ | ਨਹੀਂ ☐ | ਮਾਲ (inventory)? | ਹਾਂ ☐ | ਨਹੀਂ ☐ |
| ਕੀ ਟੈਕਸਦਾਤਾ ਨੂੰ ਫਾਈਨਲ ਰਿਟਰਨ ਪ੍ਰਦਾਨ ਕੀਤੀ ਗਈ ਸੀ? | ਹਾਂ ☐ | ਨਹੀਂ ☐ | ਕੀ ਦਸਤਾਵੇਜ਼ ਨਾਲ ਨੱਥੀ ਕੀਤੇ ਗਏ ਹਨ? | ਹਾਂ ☐ | ਨਹੀਂ ☐ |
| ਕੀ ਕੋਈ ਦੇਣਦਾਰੀਆਂ (delinquencies) ਬਕਾਇਆ ਹਨ? | ਹਾਂ ☐ | ਨਹੀਂ ☐ | ਭੁਗਤਾਨ ਜੋ ਲਾਗੂ ਨਾ ਕੀਤਾ ਗਿਆ ਹੋਵੇ? | ਹਾਂ ☐ | ਨਹੀਂ ☐ |